# 23 ਪੇਟੀਆਂ ਸ਼ਰਾਬ ਸਮੇਤ ਇਕ ਕਾਬੂ, ਇਕ ਫਰਾਰ

ਅਬੋਹਰ, 4 ਜੁਲਾਈ (ਸੁਖਜਿੰਦਰ ਸਿੰਘ ਢਿੱਲੋਂ)- ਰਾਜਸਥਾਨ ਤੋਂ ਸ਼ਰਾਬ ਦੀ 2 ਨੰਬਰ ਵਿਚ ਆਮਦ ਜ਼ੋਰਾਂ 'ਤੇ ਚੱਲ ਰਹੀ ਹੈ। ਇਸ ਸਬੰਧੀ ਪੁਲਿਸ ਵੱਲੋਂ ਵੀ ਕਈ ਕੇਸ ਫੜੇ ਜਾ ਚੁੱਕੇ ਹਨ। ਅੱਜ ਥਾਣਾ ਬਹਾਵਵਾਲਾ ਦੇ ਹੌਲਦਾਰ ਸੁਖਵਿੰਦਰ ਸਿੰਘ ਨੇ ਪਾਰਟੀ ਸਮੇਤ ਖਿਪਨਪੁਰਾ ਕੋਲ ਨਾਕਾ ਲਾਇਆ ਹੋਇਆ ਸੀ ਉਥੇ ਇਨ੍ਹਾਂ ਨੇ ਰਾਜਾ ਸਿਟੀ ਕਾਰ 'ਚੋਂ ਆ ਰਹੇ 2 ਵਿਅਕਤੀਆਂ ਨੂੰ ਰੋਕ ਕੇ ਤਲਾਸ਼ੀ ਲਈ ਤਾਂ ਕਾਰ ਵਿਚੋਂ 22 ਪੇਟੀਆਂ ਮਾਲਾ ਸੰਤਰਾ ਮਾਰਕਾ ਦੀ ਦੇਸੀ ਸ਼ਰਾਬ ਅਤੇ 1 ਪੇਟੀ ਰਾਇਲ ਸਟੈਗ ਦੀ ਬਰਾਮਦ ਹੋਈ। ਇਸ ਦੌਰਾਨ ਪੰਕਜ ਕੁਮਾਰ ਪੁੱਤਰ ਰਾਮ ਕਰਤਾਰ ਵਾਸੀ ਗੇਟ ਨਗਰ ਗਲੀ ਨੰਬਰ 1 ਅਬੋਹਰ ਨੂੰ ਤਾਂ ਕਾਬੂ ਕਰ ਲਿਆ ਜਦੋਂ ਕਿ ਸੋਨੀ ਕੁਮਾਰ ਪੁੱਤਰ ਸਤੀਸ਼ ਕੁਮਾਰ ਵਾਸੀ ਸੇਤ ਨਗਰੀ ਗਲੀ ਨੰਬਰ 2 ਅਬੋਹਰ ਮੌਕੇ ਤੋਂ ਫਰਾਰ ਹੋ ਗਿਆ। ਦੋਹਾਂ ਖਿਲਾਫ਼ ਆਬਕਾਰੀ ਐਕਟ ਤਹਿਤ ਥਾਣਾ ਬਹਾਵਵਾਲਾ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ।